# ਵਿਦਿਅਕ ਸੀਰੀਜ਼

ਬੱਚਿਆਂ ਲਈ ਟੀਕੇ

SOUTH ASIAN VACCINE ENGAGEMENT COLLABORATIVE

---

**ਬੱਚਾ**: ਮੇਰੇ ਮਾਤਾ-ਪਿਤਾ, ਦਾਦਾ-ਦਾਦੀ ਅਤੇ ਭੈਣ-ਭਰਾ ਸਾਰਿਆਂ ਦਾ ਟੀਕਾਕਰਨ ਕੀਤਾ ਗਿਆ ਹੈ। ਕੀ ਹੁਣ ਮੇਰੀ ਵਾਰੀ ਹੈ?

**ਕਹਾਣੀਕਾਰ**: 5-11 ਸਾਲ ਦੀ ਉਮਰ ਦੇ ਨੌਜਵਾਨਾਂ ਨੂੰ ਆਪਣੇ ਆਪ ਅਤੇ ਆਪਣੇ ਅਜ਼ੀਜ਼ਾਂ ਨੂੰ ਕੋਵਿਡ -19 ਤੋਂ ਬਚਾਉਣ ਲਈ ਟੀਕਾਕਰਨ ਕਰਵਾਉਣਾ ਚਾਹੀਦਾ ਹੈ। ਵੈਕਸੀਨ ਵਾਲੇ ਲੋਕਾਂ ਦੀ ਕੁੱਲ ਸੰਖਿਆ ਵਧਾਉਣ ਨਾਲ ਸਾਡੇ ਭਾਈਚਾਰੇ ਦੇ ਹੋਰ ਕਮਜ਼ੋਰ ਮੈਂਬਰਾਂ, ਜਿਵੇਂ ਦਾਦਾ-ਦਾਦੀ, ਦੀ ਰੱਖਿਆ ਕਰਨ ਵਿੱਚ ਵੀ ਮਦਦ ਮਿਲਦੀ ਹੈ।

**ਮੰਮੀ:** ਕੀ ਤੁਸੀਂ ਟੀਕਾ ਲਗਵਾਉਣਾ ਚਾਹੁੰਦੇ ਹੋ?

**ਬੱਚਾ:** ਮੈਂ ਆਪਣੇ ਆਪ ਅਤੇ ਆਪਣੇ ਪਰਿਵਾਰ ਨੂੰ ਕੋਵਿਡ-19 ਤੋਂ ਬਚਾਉਣ ਲਈ ਤਿਆਰ ਹਾਂ। ਇਸ ਤੋਂ ਇਲਾਵਾ, ਮੈਂ ਇਸ ਤੋਂ ਜਾਣੂ ਹਾਂ। ਜਦੋਂ ਮੈਂ ਛੋਟਾ ਸੀ ਤਾਂ ਮੈਨੂੰ ਕਈ ਟੀਕੇ ਲਗੇ ਸੀ।

**ਨਰਸ**: ਵੈਕਸੀਨ ਦੀ ਸਖ਼ਤੀ ਨਾਲ ਜਾਂਚ ਕੀਤੀ ਗਈ ਹੈ, ਸੁਰੱਖਿਅਤ ਹੈ ਅਤੇ ਦੁਨੀਆ ਭਰ ਵਿੱਚ ਵਰਤੀ ਜਾ ਰਹੀ ਹੈ। ਪੰਜ ਜਾਂ ਇਸ ਤੋਂ ਵੱਧ ਉਮਰ ਦੇ ਬਹੁਤ ਸਾਰੇ ਬੱਚਿਆਂ ਸਮੇਤ ਅਰਬਾਂ ਲੋਕ ਪਹਿਲਾਂ ਹੀ ਟੀਕਾਕਰਨ ਕਰ ਚੁੱਕੇ ਹਨ। ਬੱਚਿਆਂ, ਨੌਜਵਾਨਾਂ, ਬਾਲਗਾਂ ਅਤੇ ਬਜ਼ੁਰਗਾਂ ਲਈ ਟੀਕਾਕਰਨ ਕਰਨਾ ਸੁਰੱਖਿਅਤ ਹੈ। ਬੱਚਿਆਂ ਲਈ ਵੈਕਸੀਨ ਬਾਲਗਾਂ ਨੂੰ ਦਿੱਤੀ ਗਈ ਖੁਰਾਕ ਨਾਲੋਂ ਛੋਟੀ ਖੁਰਾਕ ਹੁੰਦੀ ਹੈ। ਇਹ ਐਲਰਜੀ ਵਾਲੇ ਲੋਕਾਂ ਲਈ ਸੁਰੱਖਿਅਤ ਹੈ ਅਤੇ ਹੋਰ ਦਵਾਈਆਂ ਵਿੱਚ ਦਖਲ ਨਹੀਂ ਦਿੰਦੀ।

**ਬੱਚੇ**: ਸਰਕਲ, ਸਰਕਲ, ਡੌਟ, ਡੌਟ, ਹੁਣ ਮੈਨੂੰ ਮਿਲ ਗਿਆ ਕੋਵਿਡ ਸ਼ੌਟ।

**ਬੱਚਾ**: ਮੈਨੂੰ ਕੋਈ ਦਰਦ ਨਹੀਂ ਹੋਇਆ। ਮੈਂ ਆਪਣੀ ਦੂਜੀ ਖੁਰਾਕ ਲਈ ਦੋ ਮਹੀਨਿਆਂ ਬਾਅਦ ਵਾਪਸ ਆਵਾਂਗਾ ਜਿਵੇਂ ਤੁਸੀਂ ਮੰਮੀ ਨੂੰ ਲਾਈ ਸੀ।